# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ
ਫ਼ੋਨ ਨੰ:172-2623006, 2623207, 2620106 ਫੈਕਸ:0172-2624687 ਵੈਬ: ssapunjab.org

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।

ਮੀਮੋ ਨੰ. ਡਿ.ਐਸ.ਪੀ.ਡੀ./ਐਸ.ਐਸ.ਏ./2009/0432
ਮਿਤੀ, ਚੰਡੀਗੜ੍ਹ: 25 ਸਤੰਬਰ, 2009

ਵਿਸ਼ਾ: **ਕਾਮਰਸ, ਸਾਇੰਸ ਅਤੇ ਫੁਟਕਲ ਵਿਸ਼ਿਆਂ ਤੇ ਕੰਮ ਕਰ ਰਹੇ ਲੈਕਚਰਾਰਾਂ / ਅਧਿਆਪਕਾਂ ਨੂੰ ਲੋੜ ਅਨੁਸਾਰ ਪੋਸਟ ਕਰਨ ਬਾਰੇ ਸੋਧ ਪੱਤਰ ।**

ਹਵਾਲਾ: ਇਸ ਦਫਤਰ ਦੇ ਮੀਮੋ ਨੰ. ਡਿ.ਐਸ.ਪੀ.ਡੀ./ਐਸ.ਐਸ.ਏ./2009/0419, ਮਿਤੀ ਚੰਡੀਗੜ੍ਹ: 16 ਸਤੰਬਰ, 2009 ਦੇ ਸਬੰਧ ਵਿਚ।

1.0 ਉਪਰੋਕਤ ਹਵਾਲਾ ਅਧੀਨ ਪੱਤਰ ਹੇਠ ਲਿਖੇ ਅਨੁਸਾਰ ਸੋਧ ਕਰਨ ਉਪਰੰਤ ਲਾਗੂ ਕੀਤਾ ਜਾਵੇ ਜੀ।

2.0 ਹਾਲ ਦੀ ਘੜੀ ਕਿਸੇ ਵੀ ਸਰਪਲਸ ਅਧਿਆਪਕ ਨੂੰ ਫਾਰਗ ਨਾ ਕੀਤਾ ਜਾਵੇ ਅਤੇ ਜੇਕਰ ਫਾਰਗ ਕਰ ਦਿੱਤਾ ਗਿਆ ਹੈ ਤਾਂ ਸਕੂਲ ਮੁਖੀ ਵੱਲੋਂ ਆਪਣੇ ਪੱਧਰ ਤੇ ਹੀ ਉਸ ਨੂੰ ਮੁੜ ਉਸੇ ਪੋਸਟ ਤੇ ਹਾਜ਼ਰ ਕਰਵਾਇਆ ਜਾਵੇ।

3.0 ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸਰਪਲਸ ਪੋਸਟਾਂ ਨੂੰ ਆਪਣੇ ਜ਼ਿਲੇ ਵਿੱਚ ਲੋੜੀਂਦੀ ਥਾਂ ਤੇ ਸ਼ਿਫਟ ਕਰਨ ਸਬੰਧੀ ਤਜਵੀਜ਼ ਤਿਆਰ ਕਰਨ ਉਪਰੰਤ ਇਸ ਦਫਤਰ ਨੂੰ ਪ੍ਰਵਾਨਗੀ ਲਈ ਪੇਸ਼ ਕਰਨ। ਪੋਸਟਾਂ ਨੂੰ ਸ਼ਿਫਟ ਕਰਨ ਸਬੰਧੀ ਤਜਵੀਜ਼ ਵਿਦਿਆਰਥੀਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਜਾਂ ਉਨ੍ਹਾਂ ਸਕੂਲਾਂ ਲਈ ਤਰਜ਼ੀਹੀ ਤੌਰ ਤੇ ਤਿਆਰ ਕੀਤੀ ਜਾਵੇ ਜਿੱਥੇ ਨਵੇਂ ਗਰੁੱਪ ਦਿੱਤੇ ਜਾਣ ਸਬੰਧੀ ਵਿਚਾਰਿਆ ਜਾਣਾ ਹੈ।

4.0 ਮਾਸਟਰ ਕਾਡਰ ਦੇ ਪੀਰੀਅਡ ਪੂਰੇ ਕਰਨ ਉਪਰੰਤ; 11ਵੀਂ ਅਤੇ 12ਵੀਂ ਜਮਾਤ ਦੀ ਬਜਾਏ ਹੇਠਲੀਆਂ ਕਲਾਸਾਂ ਵਿੱਚ ਪੀਰੀਅਡ ਲਗਾਉਣ ਵਾਲੇ ਲੈਕਚਰਾਰਾਂ ਦੇ ਹੇਠਲੀਆਂ ਕਲਾਸਾਂ ਦੇ ਪੀਰੀਅਡ ਵੀ ਉਨ੍ਹਾਂ ਦੇ ਖਾਤੇ ਵਿੱਚ ਗਿਣੇ ਜਾਣ।

5.0 ਉਸ ਵਿਸ਼ੇ ਦੇ ਲੈਕਚਰਾਰ ਜਿਨ੍ਹਾਂ ਦੀ ਜ਼ਰੂਰਤ ਸਕੂਲ ਵਿਚ ਹੈ ਅਤੇ ਉਹ ਜ਼ਿਲੇ ਵਿਚ ਕਿਸੇ ਹੋਰ ਡਿਊਟੀ ਲਈ ਤਾਇਨਾਤ ਹਨ, ਸਬੰਧੀ ਵੇਰਵੇ ਵੀ ਸ਼ਿਫਟਿੰਗ ਦੀ ਪ੍ਰੋਪੋਜ਼ਲ ਵਿਚ ਸ਼ਾਮਲ ਕਰ ਲਏ ਜਾਣ ਅਤੇ ਉਨ੍ਹਾਂ ਦੀ ਥਾਂ ਤੇ ਉਸ ਡਿਊਟੀ ਸਬੰਧੀ ਹੋਰ ਯੋਗ ਲੈਕਚਰਾਰਾਂ ਦੇ ਨਾਮ ਤਜਵੀਜ਼ ਕੀਤੇ ਜਾਣ ਜਿਨ੍ਹਾਂ ਦੀਆਂ ਪੋਸਟਾਂ ਜ਼ਿਲੇ ਵਿਚ ਸਰਪਲਸ ਹਨ।

6.0 ਜ਼ਿਲੇ ਵਿੱਚ ਐਡਜਸਟਮੈਂਟ ਦੀ ਤਜਵੀਜ਼ ਤੋਂ ਬਾਅਦ ਵੀ ਜੋ ਕੋਈ ਲੈਕਚਰਾਰ / ਅਧਿਆਪਕ ਸਰਪਲਸ ਘੋਸ਼ਿਤ ਕੀਤਾ ਜਾਂਦਾ ਹੈ ਤਾਂ ਉਸ ਦੇ ਵੇਰਵੇ ਵੱਖਰੇ ਤੌਰ ਤੇ ਭੇਜੇ ਜਾਣ ਤਾਂ ਜੋ ਉਸ ਨੂੰ ਨੇੜੇ ਦੇ ਜ਼ਿਲੇ ਵਿਚ ਸੰਭਵ ਥਾਂ ਤੇ ਤਾਇਨਾਤ ਕੀਤਾ ਜਾ ਸਕੇ।

7.0 ਰੈਸ਼ਨੇਲਾਈਜੇਸ਼ਨ ਸਬੰਧੀ ਜ਼ਿਲੇ ਦੀ ਪੂਰੀ ਤਜਵੀਜ਼ ਜਿਸ ਵਿਚ ਸ਼ਿਫਟ ਕੀਤੇ ਜਾਣ ਵਾਲੇ ਲੋੜੀਂਦੇ ਲੈਕਚਰਾਰਾਂ / ਅਧਿਆਪਕਾਂ ਦੇ ਵੇਰਵੇ ਪੂਰਨ ਰੂਪ ਵਿਚ ਦਿੱਤੇ ਜਾਣ ਅਤੇ ਜੇਕਰ ਖਾਲੀ ਪੋਸਟ ਸਰਪਲਸ ਹੈ ਤਾਂ ਉਸ ਬਾਰੇ ਵੀ ਦੱਸਿਆ ਜਾਵੇ। ਰੈਸ਼ਨੇਲਾਈਜੇਸ਼ਨ ਅਤੇ ਨਵੀਂ ਤਜਵੀਜ਼ ਸਬੰਧੀ ਨਾਲ ਨੱਥੀ ਪ੍ਰੋਫਾਰਮਾ ਵਰਤਿਆ ਜਾ ਸਕਦਾ ਹੈ, ਪਰੰਤੂ ਵਿਸਥਾਰਿਤ ਤਜਵੀਜ਼ ਵੱਖਰੇ ਤੌਰ ਤੇ ਦਫਤਰ ਸੁਪਰਡੰਟ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੇ ਹਸਤਾਖਰਾਂ ਨਾਲ ਇੱਕ ਹਫਤੇ ਦੇ ਅੰਦਰ-ਅੰਦਰ ਇਸ ਦਫਤਰ ਵਿਚ ਵਿਚਾਰ-ਵਟਾਂਦਰੇ ਲਈ ਦਸਤੀ ਲਿਆਂਦੀ ਜਾਵੇ ਤਾਂ ਜੋ ਇਸ ਦੀ ਅਪਰੂਵਲ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾ ਸਕੇ।

8.0 ਤਜਵੀਜ਼ ਵਿਚ ਸਪਸ਼ਟ ਤੌਰ ਤੇ ਜਿਕਰ ਕੀਤਾ ਹੋਵੇ ਕਿ ਜ਼ਿਲੇ ਵਿਚ ਵਿਸ਼ਾਵਾਰ ਕਿੰਨੀਆਂ ਪੋਸਟਾਂ ਭਰੀਆਂ ਅਤੇ ਖਾਲੀ ਹਨ ਅਤੇ ਕਿੰਨੀਆਂ ਖਾਲੀ ਪੋਸਟਾਂ ਸਰਪਲਸ / ਲੋੜੀਂਦੀਆਂ ਹਨ ਅਤੇ ਕਿੰਨੇ ਲੈਕਚਰਾਰ / ਅਧਿਆਪਕ ਪੋਸਟ ਸਮੇਤ ਸਰਪਲਸ / ਲੋੜੀਂਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਡਿ.ਐਸ.ਪੀ.ਡੀ./ਐਸ.ਐਸ.ਏ./2009/ ਮਿਤੀ: **ਸਤੰਬਰ**,2009

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਕੂਲ ਸਿੱਖਿਆ), ਪੰਜਾਬ, ਚੰਡੀਗੜ੍ਹ,
2. ਡੀ.ਪੀ.ਆਈ. (ਸੈ.ਸਿ.), ਪੰਜਾਬ, ਚੰਡੀਗੜ੍ਹ,
3. ਸਰਕਲ ਸਿੱਖਿਆ ਅਫਸਰ, ਨਾਭਾ, ਫਰੀਦਕੋਟ ਅਤੇ ਜਲੰਧਰ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

## ਪ੍ਰੋਫਾਰਮਾ 'ੳ' (ਪੋਸਟ ਦਾ ਵਿਸ਼ਾ......................)

| ਲੜੀ ਨੰ. | ਸੰਸਥਾ ਦਾ ਨਾਂ ਅਤੇ ਜ਼ਿਲ੍ਹਾ | ਸਰਪਲਸ ਪੋਸਟ ਦਾ ਵਿਸ਼ੇ ਵਾਰ ਵੇਰਵਾ | | | | | |
|---|---|---|---|---|---|---|---|
| | | ਪੋਸਟ ਦਾ ਨਾਂ | ਪੋਸਟ ਖਾਲੀ ਹੈ ਜਾਂ ਨਹੀਂ | ਜੇਕਰ ਖਾਲੀ ਨਹੀਂ ਤਾਂ ਕਰਮਚਾਰੀ ਦਾ ਨਾਂ ਜੋ ਸਰਪਲਸ ਪੋਸਟ ਤੇ ਕੰਮ ਕਰ ਰਿਹਾ ਹੈ | ਨਵੀਂ ਤਜਵੀਜ਼ ਕੀਤੀ ਥਾਂ ਜਿਥੇ ਕਰਮਚਾਰੀ ਤਾਇਨਾਤ ਕੀਤਾ ਜਾਣਾ ਹੈ | ਨਵੀਂ ਤਜਵੀਜ਼ ਸਬੰਧੀ ਠੋਸ ਵੇਰਵੇ | ਪੋਸਟ ਜ਼ਿਲੇ ਵਿਚੋਂ ਸਰਪਲਸ ਹੈ ਅਤੇ ਕਿਸੇ ਹੋਰ ਜ਼ਿਲੇ ਵਿਚ ਭੇਜੀ ਜਾਵੇ |
| | | | | | | | |
| | | | | | | | |
| ਜੋੜ | | | | | | | |

ਸੁਪਰਡੰਟ ਦੇ ਹਸਤਾਖਰ
ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੇ ਹਸਤਾਖਰ